ਤੁਰੰਤ ਰਿਲੀਜ ਲਈ

# ਇਸ ਸਾਲ ਬ੍ਰੈਂਪਟਨ ਵਿੱਚ ਸੁਰੱਖਿਅਤ ਰੂਪ ਨਾਲ ਹੈਲੋਵੀਨ ਮਨਾਓ!

ਬ੍ਰੈਂਪਟਨ, ਓਨਟੈਰੀਓ (20 ਅਕਤੂਬਰ, 2020) – ਇਸ ਸਾਲ, ਕੋਵਿਡ-19 (COVID-19) ਦੇ ਕਾਰਨ ਬ੍ਰੈਂਪਟਨ ਵਿੱਚ ਹੈਲੋਵੀਨ (Halloween) ਵੱਖਰੇ ਢੰਗ ਨਾਲ ਮਨਾਇਆ ਜਾ ਰਿਹਾ ਹੈ। ਜਿਵੇਂ ਕਿ ਨਿਵਾਸੀ ਆਪਣੀਆਂ ਸਜਾਵਟੀ ਵਸਤਾਂ ਟੰਗਣ ਅਤੇ ਘਰ ਵਿਖੇ ਆਪਣਾ ਡਰਾਵਨਾ ਹੈਲੋਵੀਨ ਮਨਾਉਣ ਦੀ ਯੋਜਨਾ ਬਣਾ ਰਹੇ ਹਨ, ਸਿਟੀ ਆਫ ਬ੍ਰੈਂਪਟਨ ਇਸ ਸਾਲ ਦੇ ਜਸ਼ਨਾਂ ਦਾ ਸੁਰੱਖਿਅਤ ਰੂਪ ਨਾਲ ਮਜ਼ਾ ਲੈਣ ਵਾਸਤੇ, ਨਿਵਾਸੀਆਂ ਲਈ ਕਈ ਤਰੀਕੇ ਪੇਸ਼ ਕਰ ਰਹੀ ਹੈ।

## ਬ੍ਰੈਂਪਟਨ ਵਿੱਚ ਟ੍ਰਿਕ ਔਰ ਟ੍ਰੀਟਿੰਗ

ਸੂਬੇ ਅਤੇ ਪੀਲ ਪਬਲਿਕ ਹੈਲਥ (Peel Public Health) ਦੇ ਨਿਰਦੇਸ਼ ਦੀ ਪਾਲਣਾ ਕਰਦੇ ਹੋਏ, ਸੰਸ਼ੋਧਿਤ ਸਟੇਜ 2 ਵਿੱਚ, ਪੀਲ ਰੀਜਨ (Peel Region) ਅਤੇ ਬ੍ਰੈਂਪਟਨ ਸਮੇਤ ਜਨਤਕ ਸਿਹਤ ਯੂਨਿਟ ਰੀਜਨਾਂ ਵਿੱਚ, ਘਰ-ਘਰ ਜਾ ਕੇ ਪਰੰਪਰਿਕ ਟ੍ਰਿਕ ਔਰ ਟ੍ਰੀਟਿੰਗ (ਭੂਤਾਂ ਵਾਲੀ ਪੁਸ਼ਾਕ ਪਹਿਨ ਕੇ ਘਰ-ਘਰ ਜਾ ਕੇ ਕੈਂਡੀਜ ਮੰਗਣਾ) ਦੀ ਸਲਾਹ ਨਹੀਂ ਦਿੱਤੀ ਜਾ ਰਹੀ ਹੈ। ਲੋਕਾਂ ਨੂੰ ਜਸ਼ਨ ਮਨਾਉਣ ਦੇ ਵਿਕਲਪਿਕ ਤਰੀਕਿਆਂ ਤੇ ਵਿਚਾਰ ਕਰਨਾ ਚਾਹੀਦਾ ਹੈ। ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਬੱਚਿਆਂ ਨੂੰ ਪਾਰਟੀ ਵਾਲੇ ਕੱਪੜੇ ਪਹਿਨ ਕੇ, ਆਭਾਸੀ (ਵਰਚੁਅਲ) ਗਤੀਵਿਧੀਆਂ ਅਤੇ ਪਾਰਟੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ
- ਘਰ ਵਿਖੇ ਕੱਦੂ ਸਜਾਉਣਾ
- ਮੂਵੀ ਨਾਈਟ ਦਾ ਆਯੋਜਨ ਕਰਨਾ ਜਾਂ ਡਰਾਵਨੀਆਂ ਕਹਾਣੀਆਂ ਸੁਣਾਉਣਾ
- ਮੋਹਰਲੇ ਲਾਅਨ ਸਜਾਉਣਾ

ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ, ਸਿਟੀ ਆਫ ਬ੍ਰੈਂਪਟਨ, ਇਸ ਸਾਲ ਔਨਲਾਈਨ ਜਸ਼ਨ ਮਨਾਉਣ ਵਾਸਤੇ, ਪਰਿਵਾਰਾਂ ਲਈ ਕਈ ਤਰ੍ਹਾਂ ਦੇ ਮਜ਼ੇਦਾਰ ਅਤੇ ਮੁਫ਼ਤ ਹੈਲੋਵੀਨ ਕਾਰਜਕਰਮ ਆਯੋਜਿਤ ਕਰ ਰਹੀ ਹੈ!

## ਕੱਦੂ ਸਜਾਉਣ ਦਾ ਮੁਕਾਬਲਾ

ਆਪਣੇ ਅੰਦਰ ਭੂਤਾਂ ਵਾਲਾ ਜੋਸ਼ ਭਰੋ ਅਤੇ ਕੱਦੂ ਸਜਾਉਣ ਦੀਆਂ ਆਪਣੀਆਂ ਕੁਸ਼ਲਤਾਵਾਂ ਦਿਖਾਓ। 16 ਅਤੇ 29 ਅਕਤੂਬਰ ਦੇ ਵਿਚਕਾਰ ਆਪਣੇ ਸਜਾਏ ਹੋਏ ਕੱਦੂ ਦੀ ਫੋਟੋ ਜਮ੍ਹਾਂ ਕਰੋ, ਤਾਂ ਜੋ ਤੁਸੀਂ ਤੈਰਾਕੀ, ਸਕੇਟਿੰਗ ਜਾਂ ਫਿਟਨੈਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ, ਬ੍ਰੈਂਪਟਨ ਰੇਕ੍ਰੀਏਸ਼ਨ (Brampton Recreation) ਪਾਸ ਦੇ 50 ਜੋੜਿਆਂ ਵਿੱਚੋਂ ਇੱਕ ਜਿੱਤ ਸਕੋ! ਪੂਰੇ ਵੇਰਵੇ www.brampton.ca/recreation ਤੇ ਹਨ।

## ਮੁਫ਼ਤ ਮੋਨਸਟਰ ਮੈਸ਼ ਗਤੀਵਿਧੀ ਕਿੱਟਾਂ

ਘਰ ਵਿੱਚ ਕੀਤੀ ਜਾਣ ਵਾਲੀ ਹੈਲੋਵੀਨ ਪਾਰਟੀ ਦੇ ਨਾਲ ਰਚਨਾਤਮਕ ਬਣੋ! ਰੈਡੀਮੇਡ ਸਮਾਨ ਦੀ ਕਿੱਟ ਵਰਤਦੇ ਹੋਏ ਆਪਣਾ ਖੁਦ ਦਾ ਰਾਖਸ਼ ਬਣਾਓ ਅਤੇ ਕਦਮ-ਦਰ-ਕਦਮ ਔਨਲਾਈਨ ਟਿਊਟੋਰੀਅਲ ਦਾ ਅਨੁਸਰਨ ਕਰੋ। 19 ਅਕਤੂਬਰ ਤੋਂ ਸ਼ੁਰੂ ਕਰਦੇ ਹੋਏ, ਮੁਫ਼ਤ ਗਤੀਵਿਧੀ ਕਿੱਟਾਂ ਲੈਣ ਵਾਸਤੇ ਉਪਲਬਧ ਹਨ। ਪੂਰੇ ਵੇਰਵੇ www.brampton.ca/recreation ਤੇ ਹਨ।

## ਕ੍ਰਾਫਟੀਐਸਟ ਕੌਸਟਿਊਮ (ਸ਼ਿਲਪਕਾਰੀ ਵਾਲੀ ਪੁਸ਼ਾਕ) ਦਾ ਮੁਕਾਬਲਾ

ਇਸ ਹੈਲੋਵੀਨ, ਕ੍ਰਾਫਟੀ (ਸ਼ਿਲਪਕਾਰ) ਬਣੋ ਅਤੇ ਸਿਟੀ ਦੀ ਸਭ ਤੋਂ ਵਧੀਆ ਹੈਲੋਵੀਨ ਪੁਸ਼ਾਕ ਬਣਾਓ! ਸਿਟੀ, 10 ਸਾਲ ਅਤੇ ਇਸਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ, ਸਭ ਤੋਂ ਵਧੀਆ ਤਿੰਨ ਪੁਸ਼ਾਕਾਂ ਵਾਸਤੇ ਇਨਾਮ ਦੇਵੇਗੀ। ਨਾਲ ਹੀ ਹਿੱਸਾ ਲੈਣ ਵਾਲੇ ਹਰ ਬੱਚੇ ਲਈ ਖਾਸ ਸਕ੍ਰੋਲ ਅਤੇ ਗਿਫਟ ਪੇਸ਼ ਕਰੇਗੀ। ਜੱਜਾਂ ਦੇ

ਸਾਡੇ ਪੈਨਲ ਵਿੱਚ ਸ਼ਾਮਲ ਹਨ, ਮੇਅਰ ਪੈਟਰਿਕ ਬ੍ਰਾਊਨ (Patrick Brown), ਸਿਟੀ ਕਾਊਂਸਲਰ ਡਗ ਵ੍ਹਿਲੈਨਸ (Doug Whillans), ਰੀਜਨਲ ਕਾਊਂਸਲਰ ਰੋਏਨਾ ਸੈਨਟੋਸ (Rowena Santos), ਪੀਲ ਰੀਜਨਲ ਪੁਲਿਸ ਸੁਪਰਡੈਂਟ ਨੈਵ ਸ਼ਿੰਜ਼ਰ (Nav Chhinzer), ਪੀਲ ਡ੍ਰਿਸਟ੍ਰਿਕਟ ਸਕੂਲ ਬੋਰਡ ਟ੍ਰਸਟੀ ਕੈਥੀ ਮੈਕਡੋਨਲਡ (Kathy McDonald) ਅਤੇ ਸਿਟੀ ਦੇ ਐਕਟਿੰਗ ਕਮਿਸ਼ਨਰ ਆਫ ਕਮਿਉਨਿਟੀ ਸਰਵਿਸਿਜ ਡੇਰੇਕ ਬੋਇਸ (Derek Boyce)।

ਬ੍ਰੈਂਪਟਨ ਦੇ ਲੋਕਲ ਟ੍ਰੀਟ ਵਿਕਰੇਤਾਵਾਂ ਤੋਂ ਕੁਝ ਸ਼ਾਨਦਾਰ ਇਨਾਮ ਜਿੱਤਣ ਦੇ ਮੌਕੇ ਲਈ, 31 ਅਕਤੂਬਰ ਅਤੇ 6 ਨਵੰਬਰ ਵਿਚਕਾਰ, #BramptonCraftiestCostume2020 ਵਰਤਦੇ ਹੋਏ ਸੋਸ਼ਲ ਮੀਡੀਆ ਤੇ ਆਪਣੀ ਪੁਸ਼ਾਕ ਸਾਂਝੀ ਕਰਕੇ ਹਿੱਸਾ ਲਓ!

ਜੇਤੂਆਂ ਨਾਲ ਸਿੱਧੇ ਤੌਰ ਤੇ ਸੰਪਰਕ ਕੀਤਾ ਜਾਵੇਗਾ ਅਤੇ ਸਿਟੀ ਦੇ ਸੋਸ਼ਲ ਮੀਡੀਆ ਚੈਨਲਾਂ ਤੇ ਐਲਾਨ ਕੀਤਾ ਜਾਵੇਗਾ।

**ਗ੍ਰੇਟ ਪੰਪਕਿਨ ਪਾਰਟੀ ਅਤੇ ਸੋਸ਼ਲ ਮੀਡੀਆ ਮੁਕਾਬਲਾ**

ਇਸ ਸਾਲ, ਗ੍ਰੇਟ ਪੰਪਕਿਨ ਪਾਰਟੀ (Great Pumpkin Party) ਆਭਾਸੀ ਤੌਰ ਤੇ ਹੋ ਰਹੀ ਹੈ। ਕੱਦੂ ਸਜਾਉਣ ਵਾਲੇ ਪੇਸ਼ਾਵਰ ਕਲਾਕਾਰਾਂ, ਰਿਕ ਜੈਕਬਸਨ (Rick Jacobson) ਅਤੇ ਰਾਏ ਕਿਸ਼ੋਲਮ (Roy Chisholm) ਨੂੰ ਬੁੱਤਕਾਰੀ ਵਾਲੀ ਅਤੇ 3D ਜੈਕ-ਓ'-ਲੈਂਟਰਨਸ (ਕੱਦੂਆਂ ਦੀਆਂ ਲਾਲਟੈਣਾਂ) (3D Jack-o'-Lanterns) ਬਣਾਉਂਦੇ ਹੋਏ ਦੇਖੋ! ਸੁਝਾਅ ਅਤੇ ਤਰੀਕੇ ਸਿੱਖੋ ਅਤੇ ਕੱਦੂ ਸਜਾਉਣ ਦੇ ਮੁਕਾਬਲੇ (Pumpkin Decorating Contest) ਵਿੱਚ ਆਪਣੀ ਕਲਾਕਾਰੀ ਨੂੰ ਸ਼ਾਮਲ ਕਰਨਾ ਯਕੀਨੀ ਬਣਾਓ।

ਹੈਲੋਵੀਨ ਤੋਂ ਬਾਅਦ, ਇੱਕ ਆਖ਼ਰੀ ਵਾਰ ਆਪਣੀ ਪੁਸ਼ਾਕ ਪਹਿਨੋ ਅਤੇ ਆਪਣੇ ਕੱਦੂਆਂ ਨੂੰ ਕੰਪੋਸਟ ਕਰਦੇ ਹੋਏ ਇੱਕ ਤਸਵੀਰ ਲਵੋ। ਇੱਥੇ (here) ਦੇਖੋ ਕਿ ਤੁਹਾਡੇ ਕੱਦੂਆਂ ਨੂੰ ਕੰਪੋਸਟ ਕਿਵੇਂ ਕਰਨਾ ਹੈ। ਕੁਝ ਸ਼ਾਨਦਾਰ ਇਨਾਮ ਜਿੱਤਣ ਦੇ ਮੌਕੇ ਲਈ, 1 ਅਤੇ 6 ਨਵੰਬਰ ਵਿਚਕਾਰ, #BramptonHalloween2020 ਵਰਤਦੇ ਹੋਏ ਸੋਸ਼ਲ ਮੀਡੀਆ ਤੇ ਆਪਣੀ ਤਸਵੀਰ ਸਾਂਝੀ ਕਰੋ!

ਪਿਛਲੇ ਸਾਲਾਂ ਦੇ ਦੌਰਾਨ, ਸਿਟੀ ਨੇ ਨਿਵਾਸੀਆਂ ਨੂੰ ਆਖਿਆ ਕਿ ਉਹ ਗ੍ਰੇਟ ਪੰਪਕਿਨ ਪਾਰਟੀ ਵਿੱਚ ਖਰਾਬ ਨਾ ਹੋਣ ਵਾਲੀ ਭੋਜਨ ਆਈਟਮ ਲੈ ਕੇ ਆਉਣ। ਇਸ ਸਾਲ ਲੋਕਲ ਫੂਡ ਬੈਂਕਾਂ ਨੂੰ, ਪਹਿਲਾਂ ਤੋਂ ਵੀ ਕਿਤੇ ਵੱਧ ਮਦਦ ਦੀ ਲੋੜ ਹੈ। ਕਿਰਪਾ ਕਰਕੇ ਲੋਕਲ ਫੂਡ ਬੈਂਕਾਂ ਵਿੱਚ ਕੋਈ ਵੀ ਸੰਭਵ ਰਕਮ ਦਾਨ ਕਰਨ ਤੇ ਵਿਚਾਰ ਕਰੋ।

**ਹਵਾਲੇ**

"ਸੂਬੇ ਦੇ, ਟ੍ਰਿਕ ਔਰ ਟ੍ਰੀਟਿੰਗ ਵਾਸਤੇ ਸਲਾਹ ਵਾਲੇ ਫੈਸਲੇ ਨੂੰ ਦੇਖਦੇ ਹੋਏ, ਸਿਟੀ ਇਸ ਸਾਲ ਬ੍ਰੈਂਪਟਨ ਵਿੱਚ ਹੈਲੋਵੀਨ ਦਾ ਜਸ਼ਨ ਮਨਾਉਣ ਲਈ ਕਈ ਕਦਮ ਚੁੱਕ ਰਹੀ ਹੈ। ਮੈਂ ਹਰ ਕਿਸੇ ਨੂੰ ਮਜ਼ੇਦਾਰ ਗਤੀਵਿਧੀਆਂ ਦਾ ਅਨੰਦ ਮਾਣਨ ਦੀ ਸਲਾਹ ਦਿੰਦਾ ਹਾਂ, ਜੋ ਅਸੀਂ ਪੇਸ਼ ਕਰ ਰਹੇ ਹਾਂ। ਇਹਨਾਂ ਵਿੱਚ ਸ਼ਾਮਲ ਹਨ, ਸ਼ਿਲਪਕਾਰੀ ਵਾਲੀ ਪੁਸ਼ਾਕ ਦਾ ਮੁਕਾਬਲਾ, ਕੱਦੂ ਸਜਾਉਣਾ ਅਤੇ ਗ੍ਰੇਟ ਪੰਪਕਿਨ ਪਾਰਟੀ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਇਸ ਹੈਲੋਵੀਨ, ਆਪਣੇ ਭਾਈਚਾਰੇ ਦੀ ਸਿਹਤ ਅਤੇ ਤੰਦਰੁਸਤੀ ਨੂੰ ਸਭ ਤੋਂ ਪਹਿਲਾਂ ਤਰਜੀਹ ਦੇਣਾ ਯਕੀਨੀ ਬਣਾਓ ਅਤੇ ਆਪਣੇ ਪਿਆਰਿਆਂ ਦੇ ਨਾਲ, ਘਰ ਵਿਖੇ ਹੀ ਸੁਰੱਖਿਅਤ ਰੂਪ ਨਾਲ ਜਸ਼ਨ ਮਨਾਓ। ਅਸੀਂ ਤੁਹਾਡੇ ਪਰਿਵਾਰ ਵਾਸਤੇ ਅਨੰਦ ਮਾਣਨ ਲਈ, ਕਈ ਰੋਮਾਂਚਕ, ਸੁਰੱਖਿਅਤ ਗਤੀਵਿਧੀਆਂ ਪੇਸ਼ ਕਰ ਰਹੇ ਹਾਂ। ਕੁਝ ਸ਼ਾਨਦਾਰ ਇਨਾਮ ਜਿੱਤਣ ਦੇ ਮੌਕੇ ਲਈ ਸਾਡੇ ਮੁਕਾਬਲਿਆਂ ਵਿੱਚ ਹਿੱਸਾ ਜ਼ਰੂਰ ਲਵੋ!"

- *ਹਰਕੀਰਤ ਸਿੰਘ (Harkirat Singh), ਸਿਟੀ ਕਾਊਂਸਲਰ, ਵਾਰਡਸ 9 ਅਤੇ 10, ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਇਸ ਸਾਲ ਅਸੀਂ ਹੈਲੋਵੀਨ ਦਾ ਜਸ਼ਨ ਔਨਲਾਈਨ ਮਨਾ ਰਹੇ ਹਾਂ, ਪਰੰਤੂ ਇਸਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਘੱਟ ਜੁੜੇ ਹੋਏ ਹਾਂ। ਭੂਤਾਂ ਵਾਲੀ ਪੁਸ਼ਾਕ ਪਹਿਨੋ, ਸਾਡੀਆਂ ਔਨਲਾਈਨ ਗਤੀਵਿਧੀਆਂ ਦੇਖੋ ਅਤੇ #BramptonCraftiestCostume2020 ਵਰਤਦੇ ਹੋਏ ਸੋਸ਼ਲ ਮੀਡੀਆ ਤੇ

ਆਪਣੀ ਪੁਸ਼ਾਕ ਸਾਂਝੀ ਕਰਨਾ ਨਾ ਭੁੱਲੋ, ਇਹ 10 ਸਾਲ ਅਤੇ ਇਸਤੋਂ ਘੱਟ ਉਮਰ ਦੇ ਬੱਚਿਆਂ ਲਈ ਹੈ। ਨਾਲ ਹੀ, ਜਦੋਂ ਤੁਸੀਂ ਪੁਸ਼ਾਕ ਪਹਿਨੇ ਹੋਏ ਹੀ ਆਪਣੇ ਕੱਦੂਆਂ ਵਿੱਚ ਖਾਦ ਪਾਓ ਤਾਂ #BramptonHalloween2020 ਵਰਤਦੇ ਹੋਏ ਇਸਦੀ ਤਸਵੀਰ ਵੀ ਸੋਸ਼ਲ ਮੀਡੀਆ ਤੇ ਸਾਂਝੀ ਕਰੋ!"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5, ਵਾਈਸ-ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਇਸ ਸਾਲ ਪੂਰੇ ਬ੍ਰੈਂਪਟਨ ਵਿੱਚ ਹੈਲੋਵੀਨ ਦਾ ਜਸ਼ਨ ਮਨਾਉਣ ਲਈ, ਸਿਹਤ ਅਤੇ ਸੁਰੱਖਿਆ ਸਾਡੀ ਤਰਜੀਹ ਹੈ। ਪੀਲ ਪਬਲਿਕ ਹੈਲਥ ਦੇ ਸੁਰੱਖਿਆ ਉਪਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਘਰ ਵਿੱਚ ਰਹਿ ਕੇ ਜਸ਼ਨ ਮਨਾਉਣਾ ਯਕੀਨੀ ਬਣਾਓ। ਕੱਦੂ ਸਜਾਓ, ਮੋਨਸਟਰ ਮੈਸ਼ ਗਤੀਵਿਧੀ ਕਿੱਟ ਪ੍ਰਾਪਤ ਕਰੋ ਅਤੇ ਇਸ ਦਿਨ ਦਾ ਮਜ਼ਾ ਲਵੋ!"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca